# ANNUAL SPORTS CALENDAR
# {INTER COLLEGE COMPETITIONS - 2017-18}

**Updated on 06.03.2018**

***ONGOING / UPCOMING COMPETITIONS;***

| SL. NO. | NAME OF THE COMPETITION(S) | DATE(S) | VENUE(S) |
|---|---|---|---|
| 1. | CANOEING AND KAYAKING (M) | MAR. 07, 2018 | PONG DAM, TALWARA |
| **2.** | **KICKBOXING (MW)** | **MAR. 09, 2018** | **UNIVERSITY CAMPUS** |
| 3. | FOOTBALL (M) | MAR. 12-16, 2018 | MGC, FATEHGARH SAHIB |
| 4. | BASEBALL (MW) | MAR. 13-15, 2018 | NCPE, CHUPKI |
| 5. | HANDBALL (W) | MAR. 13-15, 2018 | SASCPE, KALYAN |
| 6. | YACHTING (MW) | MAR. 15, 2018 | PONG DAM, TALWARA |
| **7.** | **KORF BALL (MIXED)** | **MAR. 20-21, 2018** | **PGS GCPE PATIALA** |

***

**ਅੰਤਰ ਕਾਲਜ ਮੁਕਾਬਲਿਆਂ ਸਬੰਧੀ ਜਰੂਰੀ ਹਦਾਇਤਾਂ :**

- ਅੰਤਰ ਕਾਲਜ ਖੇਡ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੀਆਂ ਟੀਮਾਂ ਦਾ ਖੇਡ ਕੈਲੰਡਰ ਵਿੱਚ ਦਰਸਾਈ ਮਿਤੀ ਅਨੁਸਾਰ ਨਿਸ਼ਚਿਤ ਸਥਾਨ ਤੇ ਸਵੇਰੇ 8:30 ਵਜੇ ਤੱਕ ਪਹੁੰਚਣਾ ਜਰੂਰੀ ਹੈ।
- ਜਿਹੜੀਆਂ ਟੀਮਾਂ ਨੇ ਕੰਪੀਟੀਸ਼ਨ ਵੈਨਯੂ ਵਿਖੇ ਰਿਹਾਇਸ਼ ਲੈਣੀ ਹੈ, ਉਹ ਮੁਕਾਬਲਿਆਂ ਤੋਂ ਇਕ ਦਿਨ ਪਹਿਲਾਂ ਸ਼ਾਮ ਦੇ 4:00 ਵਜੇ ਤੋਂ ਪਹਿਲਾਂ-ਪਹਿਲਾਂ ਪਹੁੰਚਣਾ ਯਕੀਨੀ ਬਨਾਉਣ। ਲੇਟ ਪਹੁੰਚਣ ਵਾਲੀਆਂ ਟੀਮਾਂ ਨੂੰ ਰਿਹਾਇਸ਼ ਦੇਣੀ ਸੰਭਵ ਨਹੀਂ ਹੋਵੇਗੀ।
- ਖੇਡ ਮੁਕਾਬਲਿਆਂ/ਟਰਾਇਲਾਂ ਵਿੱਚ ਭਾਗ ਲੈਣ ਵਾਲੀਆਂ ਟੀਮਾਂ/ਖਿਡਾਰੀਆਂ ਦਾ ਸਪੋਰਟਸ ਕਿੱਟ ਵਿੱਚ ਹੋਣਾ ਲਾਜ਼ਮੀ ਹੈ। ਟੀਮ ਨਾਲ ਖੇਡ ਦੇ ਇੰਚਾਰਜ (ਮਹਿਲਾ ਟੀਮ ਨਾਲ ਮਹਿਲਾ ਇੰਚਾਰਜ ਅਤੇ ਪੁਰਸ਼ ਟੀਮ ਨਾਲ ਪੁਰਸ਼/ਮਹਿਲਾ ਇੰਚਾਰਜ), ਕਾਲਜ ਵੱਲੋਂ ਜਾਰੀ ਸ਼ਨਾਖਤੀ ਕਾਰਡ ਅਤੇ ਯੋਗਤਾ ਪ੍ਰੋਫਾਰਮਾ (ਪ੍ਰਿੰਸੀਪਲ ਦੇ ਹਸਤਾਖਰਾਂ ਸਹਿਤ) ਹੋਣਾ ਲਾਜ਼ਮੀ ਹੈ।
- ਯੋਗਤਾ ਪ੍ਰੋਫਾਰਮੇ ਵਿਚ ਖਿਡਾਰੀ ਦਾ ਨਾਂ, ਪਿਤਾ ਦਾ ਨਾਂ ਅਤੇ ਮਾਤਾ ਦਾ ਨਾਂ ਅੰਗਰੇਜੀ (ਵੱਡੇ ਅੱਖਰਾਂ ਵਿਚ) ਅਤੇ ਪੰਜਾਬੀ ਵਿਚ ਕੰਪਿਊਟਰ ਦੁਆਰਾ ਟਾਈਪ ਕੀਤਾ ਹੋਣਾ ਲਾਜ਼ਮੀ ਹੈ। ਪ੍ਰੋਫਾਰਮੇ ਵਿਚ ਖਿਡਾਰੀ ਦਾ ਰਜਿਸਟ੍ਰੇਸ਼ਨ ਨੰਬਰ ਲਿਖਣਾ ਲਾਜ਼ਮੀ ਹੈ। ਹੱਥ ਲਿਖਤ ਯੋਗਤਾ ਪ੍ਰੋਫਾਰਮੇ ਸਵੀਕਾਰ ਨਹੀਂ ਕੀਤੇ ਜਾਣਗੇ।
- **ਸੰਬੰਧਿਤ ਕਾਲਜਾਂ ਵੱਲੋਂ ਖੇਡ ਮੁਕਾਬਲਿਆਂ/ਟਰਾਇਲਾਂ ਵਿੱਚ ਭਾਗ ਲੈਣ ਵਾਲੀਆਂ ਟੀਮਾਂ/ਖਿਡਾਰੀਆਂ ਦਾ ਨੱਥੀ ਅਨੁਸਾਰ ਰਜਿਸਟ੍ਰੇਸ਼ਨ ਫਾਰਮ ਭਰ ਕੇ ਯੋਗਤਾ ਪ੍ਰੋਫਾਰਮੇ ਦੇ ਨਾਲ ਲਿਆਉਣਾ ਲਾਜ਼ਮੀ ਹੋਵੇਗਾ। ਫਾਰਮ ਤੇ ਖਿਡਾਰੀ ਅਤੇ ਸੰਬੰਧਿਤ ਪ੍ਰੋ./ਟੀਮ ਇੰਚਾਰਜ਼ ਦੇ ਹਸਤਾਖਰ ਹੋਣ ਜ਼ਰੂਰੀ ਹਨ। ਰਜਿਸਟ੍ਰੇਸ਼ਨ ਫਾਰਮ ਅਤੇ ਇਸ ਵਿੱਚ ਲਗਾਈ ਗਈ ਹਰੇਕ ਫੋਟੋ ਵੀ ਪ੍ਰਿੰਸੀਪਲ ਪਾਸੋਂ ਤਸਦੀਕ ਕਰਵਾ ਕੇ ਨਾਲ ਲਿਆਉਣੀ ਲਾਜ਼ਮੀ ਹੈ।**
- ਖੇਡ ਮੁਕਾਬਲਿਆਂ/ਟਰਾਇਲਾਂ ਵਿੱਚ ਭਾਗ ਲੈਣ ਵਾਲੀਆਂ ਟੀਮਾਂ/ਖਿਡਾਰੀਆਂ ਦਾ ਆਪਣੇ ਨਾਲ 10ਵੀਂ, 10+2 ਅਤੇ ਪਿਛਲੇ ਸਾਲ ਪਾਸ ਕੀਤੀ ਕਲਾਸ ਦੇ ਅਸਲ ਸਰਟੀਫਿਕੇਟ ਅਤੇ ਫੋਟੋਸਟੇਟ ਕਾਪੀਆਂ ਨਾਲ ਲਿਆਉਣੇ ਲਾਜ਼ਮੀ ਹਨ। ਬਿਨਾਂ ਅਸਲ ਸਰਟੀਫਿਕੇਟਾਂ ਅਤੇ ਤਸਦੀਕ ਕੀਤੀਆਂ ਫੋਟੋਸਟੇਟ ਕਾਪੀਆਂ ਤੋਂ ਟੀਮਾਂ/ਖਿਡਾਰੀਆਂ ਨੂੰ ਮੁਕਾਬਲਿਆਂ ਵਿਚ ਭਾਗ ਨਹੀਂ ਲੈਣ ਦੇਣਾ ਸੰਭਵ ਨਹੀਂ ਹੋਵੇਗਾ।
- ਅੰਤਰ ਕਾਲਜ ਮੁਕਾਬਲਿਆਂ ਸਬੰਧੀ ਐਂਟਰੀਆਂ ਪ੍ਰਤੀਯੋਗਤਾ ਤੋਂ 15 ਦਿਨ ਪਹਿਲਾਂ ਅਤੇ ਡਿਟੇਲ ਐਂਟਰੀਆਂ 10 ਦਿਨ ਪਹਿਲਾਂ ਵਿਭਾਗ ਵਿਖੇ ਭੇਜੀਆਂ ਜਾਣ। ਬਿਨਾਂ ਐਂਟਰੀ ਜਾਂ ਲੇਟ ਐਂਟਰੀ ਵਾਲੀ ਕਿਸੇ ਵੀ ਕਾਲਜ ਦੀ ਟੀਮ ਨੂੰ ਮੁਕਾਬਲਿਆਂ ਵਿੱਚ ਭਾਗ ਨਹੀਂ ਲੈਣ ਦੇਣਾ ਸੰਭਵ ਨਹੀਂ ਹੋਵੇਗਾ।
- ਖਿਡਾਰੀਆਂ ਦਾ ਆਪਣੇ ਦਾਖਲੇ ਸਬੰਧੀ ਰਜਿਸਟ੍ਰੇਸ਼ਨ ਦਾ ਸਬੂਤ (PROOF OF REGISTRATION) ਨਾਲ ਲਿਆਉਣਾ ਲਾਜ਼ਮੀ ਹੈ। ਬਿਨਾਂ ਸਬੂਤ ਦੇ ਖਿਡਾਰੀਆਂ ਦਾ ਅੰਤਰ ਕਾਲਜ ਮੁਕਾਬਲਿਆਂ/ਸਿਲੈਕਸ਼ਨ ਟਰਾਇਲਾਂ ਵਿਚ ਭਾਗ ਲੈਣਾ ਸੰਭਵ ਨਹੀਂ ਹੋਵੇਗਾ।

ਨੋਟ: ਅੰਤਰਵਰਸਿਟੀ ਮੁਕਾਬਲਿਆਂ ਦੀਆਂ ਮਿਤੀਆਂ ਨੂੰ ਮੁੱਖ ਰਖਦੇ ਹੋਏ ਜਾਂ ਤਕਨੀਕੀ ਕਾਰਣਾਂ ਕਰਕੇ ਉਪਰੋਕਤ ਅੰਤਰ ਕਾਲਜ ਮੁਕਾਬਲਿਆਂ ਦੀਆਂ ਮਿਤੀਆਂ/ਸਥਾਨ ਵਿਚ ਲੋੜ ਅਨੁਸਾਰ ਤਬਦੀਲੀ ਕੀਤੀ ਜਾ ਸਕਦੀ ਹੈ। ਕਿਰਪਾ ਕਰਕੇ ਅਪਡੇਟ ਜਾਣਕਾਰੀ ਲਈ ਯੂਨੀਵਰਸਿਟੀ ਵੈੱਬਸਾਈਟ/ਖੇਡ ਕੈਲੰਡਰ ਰੋਜ਼ਾਨਾ ਚੈੱਕ ਕਰਨ ਦੀ ਕ੍ਰਿਪਲਤਾ ਕਰਨੀ ਜੀ।

ਡਾਇਰੈਕਟਰ ਸਪੋਰਟਸ